6

# ਯਿਸੂ ਨੇ ਬਪਤਿਸਮੇ ਬਾਰੇ ਸਿਖਾਇਆ

''ਅਤੇ ਯਿਸੂ ਨੇ ਕੋਲ ਆਣ ਕੇ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਆਖਿਆ, ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ'' (ਮੱਤੀ 28:18, 19)।

ਯੂਹੰਨਾ ਅਤੇ ਯਿਸੂ ਦੋਹਾਂ ਨੇ ਹੀ ਧਰਤੀ ਉੱਤੇ ਆਪਣੀ-ਆਪਣੀ ਸੇਵਕਾਈ ਵਿਚ ਬਹੁਤ ਸਾਰੇ ਲੋਕਾਂ ਨੂੰ ਬਪਤਿਸਮਾ ਲੈਣ ਲਈ ਕਿਹਾ ਸੀ (ਮੱਤੀ 3:5, 6; ਯੂਹੰਨਾ 4:1)। ਉਨ੍ਹਾਂ ਰਾਹੀਂ ਬਪਤਿਸਮਾ ਲੈਣ ਵਾਲੇ ਉਨ੍ਹਾਂ ਨੂੰ ਪ੍ਰਮੇਸ਼ਵਰ ਦੇ ਦੂਤ ਮੰਨ ਕੇ, ਉਨ੍ਹਾਂ ਦੇ ਪੈਰੋਕਾਰ ਬਣ ਗਏ, ਪਾਪਾਂ ਦਾ ਇਕਰਾਰ ਕੀਤਾ, ਮਾਫ਼ੀ ਪਾਉਣੀ ਚਾਹੀ, ਉਨ੍ਹਾਂ ਦੇ ਸੰਦੇਸ਼ ਮੁਤਾਬਕ ਪਾਪਾਂ ਤੋਂ ਤੌਬਾ ਕੀਤੀ, ਅਤੇ ਆਉਣ ਵਾਲੇ ਮਸੀਹ ਅਤੇ ਉਹਦੇ ਰਾਜ ਨਾਲ ਸਬੰਧਿਤ ਹਦਾਇਤਾਂ ਨੂੰ ਮੰਨਿਆ। ਉਨ੍ਹਾਂ ਨੇ ''ਪਾਪਾਂ ਦੀ ਮਾਫ਼ੀ ਲਈ ਤੌਬਾ ਦਾ ਬਪਤਿਸਮਾ'' ਲਿਆ ਕਿਉਂਕਿ ਸਵਰਗ ਦਾ ਰਾਜ ਨੇੜੇ ਸੀ (ਮੱਤੀ 3:2; ਲੂਕਾ 3:3)। ਉਨ੍ਹਾਂ ਨੂੰ ਆਉਣ ਵਾਲੇ ਰਾਜ ਦੀ ਤਿਆਰੀ ਲਈ ਬਪਤਿਸਮਾ ਦਿੱਤਾ ਗਿਆ ਸੀ, ਸੋ ਸੁਭਾਵਕ ਹੀ ਹੈ ਕਿ ਰਾਜ ਦਾ ਬਪਤਿਸਮਾ ਤਿਆਰੀ ਦੇ ਇਸ ਬਪਤਿਸਮੇ ਵਾਂਗ ਹੀ ਸੀ।

## ਪ੍ਰਤੀਕ੍ਰਿਆ

ਇਸ ਗੱਲ ਤੋਂ ਕਿ ਯੂਹੰਨਾ ਅਤੇ ਯਿਸੂ ਰਾਹੀਂ ਸਿਖਾਇਆ ਜਾਣ ਵਾਲਾ ਬਪਤਿਸਮਾ (ਯੂਹੰਨਾ 3:22, 26; 4:1) ਲੈਣ ਲਈ ਬਹੁਤ ਸਾਰੇ ਲੋਕ ਆ ਰਹੇ ਸਨ (ਜਿਨ੍ਹਾਂ ਵਿਚ ਫ਼ਰੀਸੀ ਅਤੇ ਸਦੂਕੀ ਵੀ ਸਨ, ਮੱਤੀ 3:7) ਦਾ ਅਰਥ ਇਹ ਨਿੱਕਲਦਾ ਹੈ ਕਿ ਬਪਤਿਸਮੇ ਦੀ ਗੱਲ ਯਹੂਦੀਆ ਅਤੇ ਯਰਦਨ ਦੇ ਆਸ-ਪਾਸ ਦੇ ਇਲਾਕਿਆਂ ਵਿਚ ਫੈਲ ਗਈ ਸੀ (ਮੱਤੀ 3:6)। ਯਿਸੂ ਦੇ ਚੇਲੇ, ਜੋ ਇਹ ਬਪਤਿਸਮਾ ਦਿੰਦੇ ਸਨ (ਯੂਹੰਨਾ 4:2) ਅਤੇ ਬਾਅਦ ਵਿਚ ਉਨ੍ਹਾਂ ਨੇ ਨਵੇਂ ਨੇਮ ਦੇ ਬਪਤਿਸਮੇ ਦਾ ਪ੍ਰਚਾਰ ਕੀਤਾ, ਇਸ ਦੇ ਅਰਥ ਅਤੇ ਉਦੇਸ਼ ਨੂੰ ਸਮਝਦੇ ਹੋਣਗੇ।

ਤਿਆਰੀ ਦਾ ਇਹ ਬਪਤਿਸਮਾ ਲੋਕਾਂ ਵਿਚ ਬਹੁਤ ਮਸ਼ਹੂਰ ਸੀ, ਇਸ ਲਈ ਜੇ ਨਵੇਂ ਨੇਮ ਦਾ ਬਪਤਿਸਮਾ ਪਾਪਾਂ ਦੀ ਮਾਫ਼ੀ ਲਈ ਨਹੀਂ ਸੀ, ਤਾਂ ਬੜੇ ਧਿਆਨ ਨਾਲ ਵਿਆਖਿਆ ਜ਼ਰੂਰੀ

ਸੀ। ਇਸ ਦੇ ਇਲਾਵ, ਪਤਰਸ ਨੇ ਨਵੇਂ ਨੇਮ ਦੇ ਬਪਤਿਸਮੇ ਦੇ ਉਹੀ ਮਕਸਦ ਦੱਸੇ (ਰਸੂਲਾਂ ਦੇ ਕੰਮ 2:38)। ਇਹਦੀਆਂ ਸਮਾਨਤਾਵਾਂ ਨੇ ਜਿਨ੍ਹਾਂ ਦੀ ਯੋਜਨਾ ਸਪਸ਼ਟ ਤੌਰ ਤੇ ਪ੍ਰਮੇਸ਼ਵਰ ਨੇ ਹੀ ਬਣਾਈ ਸੀ, ਇਸ ਨੂੰ ਤਿਆਰੀ ਦਾ ਇਕ ਸ਼ਾਨਦਾਰ ਬਪਤਿਸਮਾ ਬਣਾ ਦਿੱਤਾ, ਚਾਹੇ ਇਹ ਇਸ ਗੱਲ ਵਿਚ ਖ਼ਾਸ ਤੌਰ ਤੇ ਫ਼ਰਕ ਸੀ ਕਿ ਇਸ ਵਿਚ ਯਿਸੂ ਦੇ ਲਹੂ ਵਿਚ ਵਿਸ਼ਵਾਸ ਦੇ ਅਧਾਰ ਤੇ ਅਤੇ ਉਸ ਦੇ ਨਾਮ ਤੋਂ ਜਾਂ ਮਸੀਹ ਦੇ ਰੂਪ ਵਿਚ ਉਸ ਦੇ ਅਧਿਕਾਰ ਨਾਲ ਬਪਤਿਸਮਾ ਨਹੀਂ ਦਿੱਤਾ ਜਾਂਦਾ ਸੀ। ਇਸ ਨੂੰ ਲੈਣ ਵਾਲੇ ਲੋਕ ਸਵਰਗ ਦੇ ਰਾਜ, ਕਲੀਸੀਆ ਜਾਂ ਮਸੀਹ ਵਿਚ ਨਹੀਂ ਆਉਂਦੇ ਸਨ, ਨਾ ਹੀ ਇਸ ਨੂੰ ਲੈਣ ਵਾਲਿਆਂ ਨੂੰ ਪਵਿੱਤਰ ਆਤਮਾ ਦਾ ਦਾਨ ਮਿਲਦਾ ਸੀ। ਤਿਆਰੀ ਦੇ ਇਸ ਸਮੇਂ ਦੌਰਾਨ, ਯੂਹੰਨਾ ਯਿਸੂ ਅਤੇ ਰਸੂਲ ਇਸਰਾਏਲ ਨੂੰ (ਮੱਤੀ 10:6; 15:24) ਮਸੀਹ ਦੇ ਆਉਣ ਤੇ ਉਸ ਨੂੰ ਕਬੂਲ ਕਰਨ ਲਈ ਤਿਆਰ ਕਰ ਰਹੇ ਸਨ, ਪਰ ਉਹ ਉਨ੍ਹਾਂ ਨੂੰ ਮਸੀਹ ਦੇ ਰੂਪ ਵਿਚ ਯਿਸੂ ਵਿਚ ਨਹੀਂ ਬਦਲ ਰਹੇ ਸਨ। ਇਸ ਲਈ ਇਹ ਬਪਤਿਸਮਾ ਭਾਵੇਂ ਆਉਣ ਵਾਲੇ ਮਸੀਹ ਵਿਚ ਵਿਸ਼ਵਾਸ ਤੇ ਅਧਾਰਤ ਸੀ, ਪਰ ਯਿਸੂ ਨੂੰ ਮਸੀਹ ਮੰਨ ਕੇ ਉਸ ਵਿਚ ਵਿਸ਼ਵਾਸ ਤੇ ਅਧਾਰਤ ਨਹੀਂ ਹੋ ਸਕਿਆ ਹੋਵੇਗਾ।

## ਯਿਸੂ ਨੇ ਬਪਤਿਸਮੇ ਦੀ ਆਗਿਆ ਦਿੱਤੀ

ਯਿਸੂ ਨੇ ਦੱਸਿਆ ਕਿ ਯਰੂਸ਼ਲਮ ਤੋਂ *ਲੈ ਕੇ* ਉਸ ਦੇ ਨਾਮ 'ਚ *ਸਭ ਕੌਮਾਂ* ਵਿਚ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ (ਲੂਕਾ 24:47)। ਇਸ ਸਿੱਖਿਆ ਵਿਚ ਵਿਸ਼ਵਾਸ ਅਤੇ ਬਪਤਿਸਮਾ ਦੋਵੇਂ ਸਨ (ਮੱਤੀ 28:18, 19; ਮਰਕੁਸ 16:15, 16)। ਜੀ ਉੱਠਣ ਦੇ ਚਾਲੀ ਦਿਨ ਬਾਅਦ (ਰਸੂਲਾਂ ਦੇ ਕੰਮ 1:1, 2) ਯਿਸੂ ਸਵਰਗ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਪਾਉਣ ਲਈ ਪ੍ਰਮੇਸ਼ਵਰ ਦੇ ਸੱਜੇ ਹੱਥ ਜਾ ਬੈਠਾ (ਅਫ਼ਸੀਆਂ 1:19-23; 1 ਪਤਰਸ 3:22)। ਇਹਦੇ ਦਸ ਕੁ ਦਿਨਾਂ ਬਾਅਦ ਪੈਂਟੀਕਾਸਟ ਵਾਲੇ ਦਿਨ, ਯਰੂਸ਼ਲਮ ਵਿਚ ਰਸੂਲਾਂ ਨੇ ਪਹਿਲੀ ਵਾਰ ਯਿਸੂ ਮਸੀਹ ਦੇ ਨਾਮ 'ਚ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ। ਇਹ ਸੰਦੇਸ਼ ਸਭ ਕੌਮਾਂ ਵਿਚ ਸੁਣਾਇਆ ਜਾਣਾ ਸੀ (ਲੂਕਾ 24:47)।

ਸਲੀਬ ਤੇ ਮਰਨ ਵਾਲਾ ਉਹ ਡਾਕੂ ਜਿਸ ਨੂੰ ਬਹੁਤ ਸਾਰੇ ਲੋਕ ਨਵੇਂ ਨੇਮ ਵਿਚ ਪਾਪਾਂ ਦੀ ਮਾਫ਼ੀ ਪਾਉਣ ਲਈ ਉਦਾਹਰਣ ਦੇ ਤੌਰ ਤੇ ਵਰਤਦੇ ਹਨ, ਯਿਸੂ ਦੇ ਨਾਮ ਵਿਚ ਪਾਪਾਂ ਦੀ ਮਾਫ਼ੀ ਦੇ ਪਹਿਲੀ ਵਾਰ ਕੀਤੇ ਜਾਣ ਵਾਲੇ ਪ੍ਰਚਾਰ ਤੋਂ ਪਹਿਲਾਂ ਮਰ ਚੁੱਕਾ ਸੀ (ਯੂਹੰਨਾ 19:31, 32)। ਪਾਪਾਂ ਦੀ ਮਾਫ਼ੀ ਲਈ ਨਵੇਂ ਨੇਮ ਦੇ ਅਧੀਨ ਕੀਤੇ ਜਾਣ ਵਾਲੇ ਕੰਮਾਂ ਲਈ ਉਹ ਸਾਡੇ ਲਈ ਨਮੂਨਾ ਨਹੀਂ ਹੋ ਸਕਦਾ, ਕਿਉਂਕਿ ਉਹ ਯਿਸੂ ਦੇ ਨਾਮ ਵਿਚ ਪਾਪਾਂ ਦੀ ਮਾਫ਼ੀ ਦੀ ਪੇਸ਼ਕਸ਼ ਕੀਤੇ ਜਾਣ ਤੋਂ ਪਹਿਲਾਂ ਮਰ ਚੁਕਿਆ ਸੀ।

ਇਸਰਾਏਲ ਦੇ ਲੋਕਾਂ ਲਈ ਪਾਪਾਂ ਦੀ ਮਾਫ਼ੀ ਵਾਸਤੇ ਬਪਤਿਸਮਾ ਕੋਈ ਨਵੀਂ ਗੱਲ *ਨਹੀਂ* ਸੀ। ਨਵੀਂ ਗੱਲ ਯਿਸੂ ਦੇ ਲਹੂ ਅਤੇ *ਯਿਸੂ* ਨਾਮ (ਜਿਹਦਾ ਅਰਥ ਹੈ ''ਪ੍ਰਮੇਸ਼ਵਰ ਛੁਡਾਉਂਦਾ ਹੈ,'' ਜਾਂ ਪਾਪ ਤੋਂ ਬਚਾਉਂਦਾ ਹੈ; ਮੱਤੀ 1:21) ਅਤੇ *ਖ਼੍ਰਿਸਟੁਸ* (ਇਬਰਾਨੀ ਸ਼ਬਦ ''ਮਸਾਯਾਹ'' ਭਾਵ ''ਮਸਹ ਕੀਤਾ ਹੋਇਆ ਜਾਂ ਚੁਣਿਆ ਹੋਇਆ,'' ਨਬੀ, ਯਾਜਕ ਅਤੇ ਰਾਜਾ ਹੈ। ਦਾ ਯੂਨਾਨੀ ਅਨੁਵਾਦ ਜਿਸ ਨੂੰ ਹਿੰਦੀ-ਪੰਜਾਬੀ ਵਿਚ ਮਸੀਹਾ ਵੀ ਲਿਖਿਆ ਜਾਂਦਾ ਹੈ) ਦੇ ਨਾਲ ਮਾਫ਼ੀ ਦਾ ਸਬੰਧ ਸੀ। ਇਸਰਾਏਲੀ ਭਾਵੇਂ ਮਸੀਹਾ ਦੇ ਮਕਸਦ ਨੂੰ ਦੁਨਿਆਵੀ ਅਰਥ ਵਿਚ ਪੂਰਾ ਹੋਣ ਦੀ ਰਾਹ ਵੇਖ ਰਹੇ ਸਨ, ਪਰ ਪ੍ਰਮੇਸ਼ਵਰ ਦੀ ਇੱਛਾ ਰੂਹਾਨੀ ਉਦੇਸ਼ ਨੂੰ ਪੂਰਾ ਕਰਨ ਦੀ ਸੀ।

## ਬਪਤਿਸਮਾ ਜਿਸ ਦੀ ਯਿਸੂ ਨੇ ਆਗਿਆ ਦਿੱਤੀ

ਯਿਸੂ ਦੁਆਰਾ ਸਿਖਾਇਆ ਗਿਆ ਬਪਤਿਸਮਾ ਉਸ ਦੇ ਅਧਿਕਾਰ ਕਾਰਣ ਹੈ, ਜਿਹੜਾ ਸਵਰਗ ਤੋਂ ਧਰਤੀ ਤਕ ਹੈ (ਮੱਤੀ 28:18, 19), ਨਾ ਕਿ ਬਪਤਿਸਮਾ ਦੇਣ ਵਾਲੇ ਜਾਂ ਕਲੀਸੀਆ ਦੇ ਕਾਰਣ। ਜੋ ਲੋਕ ਯਿਸੂ ਦੇ ਹੁਕਮ ਅਨੁਸਾਰ ਬਪਤਿਸਮਾ ਲੈਂਦੇ ਹਨ ਉਹ ਉਸ ਦੇ ਇਖ਼ਤਿਆਰ ਨੂੰ ਮੰਨਦੇ ਹਨ, ਇਸ ਲਈ ਉਨ੍ਹਾਂ ਦਾ ਬਪਤਿਸਮਾ *ਉਸਦੇ ਨਾਮ ਵਿਚ* ਹੋ ਰਿਹਾ ਹੈ। ਜੇ ਕੋਈ ਆਦਮੀ ਮਨੁੱਖਾਂ ਦੀ ਸਿੱਖਿਆ ਤੇ ਅਧਾਰਤ ਕਿਸੇ ਬਪਤਿਸਮੇ ਨੂੰ ਸਮਝ ਕੇ ਉਸ ਨੂੰ ਮੰਨ ਲੈਂਦਾ ਹੈ ਅਤੇ ਯਿਸੂ ਮਸੀਹ ਰਾਹੀਂ ਸਿਖਾਏ ਬਪਤਿਸਮੇ ਨੂੰ ਨਹੀਂ ਸਮਝਦਾ ਅਤੇ ਨਹੀਂ ਮੰਨਦਾ ਤਾਂ ਉਹ ਆਦਮੀ ਯਿਸੂ ਮਸੀਹ ਦੇ ਨਾਂ ਵਿਚ ਨਹੀਂ ਸਗੋਂ ਉਸ ਵਿਅਕਤੀ ਜਾਂ ਕਲੀਸੀਆ ਦੇ ਨਾਂ ਵਿਚ ਯਾਨੀ ਉਸ ਦੇ ਅਧਿਕਾਰ ਨਾਲ ਬਪਤਿਸਮਾ ਲੈ ਰਿਹਾ ਹੈ ਨਾ ਕਿ ਯਿਸੂ ਦੇ ਨਾਮ ਵਿਚ।

### ਯੂਹੰਨਾ 3:3-5

ਯਿਸੂ ਨੇ ਸਿਖਾਇਆ ਕਿ ਸਵਰਗ ਦੇ ਰਾਜ ਵਿਚ ਵੜਨ ਲਈ ਜਲ ਅਤੇ ਆਤਮਾ ਤੋਂ ਨਵਾਂ ਜਨਮ ਲੈਣਾ ਜ਼ਰੂਰੀ ਹੈ (ਯੂਹੰਨਾ 3:3-5)। ਯੂਹੰਨਾ ਅਤੇ ਯਿਸੂ ਰਾਹੀਂ ਸਿਖਾਇਆ ਜਾਣ ਵਾਲਾ ਪਾਪਾਂ ਦੀ ਮਾਫ਼ੀ ਲਈ ਤਿਆਰੀ ਵਾਲਾ ਤੌਬਾ ਦਾ ਬਪਤਿਸਮਾ ਜਲ ਅਤੇ ਆਤਮਾ ਤੋਂ ਨਵਾਂ ਜਨਮ ਨਹੀਂ ਸੀ। ਸਵਰਗ ਦਾ ਰਾਜ ਨੇੜੇ ਤਾਂ ਸੀ ਪਰ ਅਜੇ ਆਇਆ ਨਹੀਂ ਸੀ (ਮੱਤੀ 4:17)। ਉਸ ਬਪਤਿਸਮੇ ਵਿਚ ਜਿਸ ਵਿਚ ਸਿਰਫ਼ ਪਾਪਾਂ ਦੀ ਮਾਫ਼ੀ ਹੀ ਸੀ, ਕਿਸੇ ਨੂੰ ਇਸ ਰਾਜ ਵਿਚ ਵਾੜਨ ਦੀ ਸ਼ਕਤੀ ਨਹੀਂ ਸੀ, ਜੋ ਅਜੇ ਆਇਆ ਹੀ ਨਹੀਂ ਸੀ। ਜਾਨਵਰਾਂ ਦੀਆਂ ਕੁਰਬਾਨੀਆਂ ਲਿਆਉਣ ਵਾਲਿਆਂ ਵਾਂਗ ਇਹ ਬਪਤਿਸਮਾ ਲੈਣ ਵਾਲੇ ਪਾਪਾਂ ਦੀ ਮਾਫ਼ੀ ਪਾ ਕੇ ਸਵਰਗ ਦੇ ਰਾਜ ਵਿਚ ਨਹੀਂ ਵੜ ਸਕਦੇ ਸਨ (ਲੇਵੀਆਂ ਦੀ ਪੋਥੀ 4:20, 26, 31, 35; 5:10, 13, 16, 18; 6:7; 19:22)। ਸਵਰਗ ਦੇ ਰਾਜ ਵਿਚ ਵੜਨ ਲਈ ਪਾਪਾਂ ਦੀ ਮਾਫ਼ੀ ਹੀ ਕਾਫ਼ੀ ਨਹੀਂ ਹੈ। ਰਾਜ ਵਿਚ ਵੜਨ ਵਾਲਿਆਂ ਲਈ ਜਲ ਅਤੇ ਆਤਮਾ ਨਾਲ ਨਵੇਂ ਸਿਰਿਓਂ ਪੈਦਾ ਹੋਣਾ ਜ਼ਰੂਰੀ ਹੈ, ਜਿਸ ਨਾਲ ਨਵਾਂ ਜੀਵਨ ਅਤੇ ਆਪਣੇ ਰਾਜ ਦੇ ਰਾਜੇ ਦੇ ਰੂਪ ਵਿਚ ਮਸੀਹ ਨਾਲ ਉਨ੍ਹਾਂ ਦਾ ਸਬੰਧ ਬਣਦਾ ਹੈ (ਰੋਮੀਆਂ 6:4; ਗਲਾਤੀਆਂ 3:27; ਕੁਲੁੱਸੀਆਂ 2:12, 13)।

ਇਸ ਨਵੇਂ ਜਨਮ ਦਾ ਜਲ ਬਪਤਿਸਮਾ ਹੈ (ਰਸੂਲਾਂ ਦੇ ਕੰਮ 8:12, 38, 39) ਅਤੇ ਜਨਮ ਵਿਚ ਲਿਜਾਣ ਵਾਲੀ ਆਤਮਾ ਦੀ ਗੱਡੀ ਜ਼ਿੰਦਗੀ ਦੇਣ ਵਾਲਾ ਬੀ, ਅਰਥਾਤ ਪ੍ਰਮੇਸ਼ਵਰ ਦਾ ਵਚਨ ਹੈ (ਲੂਕਾ 8:11; ਯੂਹੰਨਾ 6:63)। ਇਹ ਵਿਆਖਿਆ ਯਿਸੂ ਦੀਆਂ ਸਿੱਖਿਆਵਾਂ ਅਤੇ ਬਾਕੀ ਨਵੇਂ ਨੇਮ ਨਾਲ ਮੇਲ ਖਾਂਦੀ ਹੈ (ਲੂਕਾ 8:11, 12; ਰਸੂਲਾਂ ਦੇ ਕੰਮ 11:14; 1 ਪਤਰਸ 1:23; ਆਦਿ)।

ਫ਼੍ਰੈਡਰਿਕ ਡੇਲ ਬਰੂਨਰ ਨੇ ਯੂਹੰਨਾ 3:5 ਤੇ ਢੁਕਵੀਂ ਟਿੱਪਣੀ ਕੀਤੀ ਹੈ:

> ਜਲ ਅਤੇ ਆਤਮਾ ਦੇ ਦਾਨ ਨੂੰ ਯੂਹੰਨਾ 3:5 ਵਾਲੇ ''ਜਲ ਅਤੇ ਆਤਮਾ ਨਾਲ'' ਵਾਂਗ ਹੀ ਜੋੜਿਆ ਜਾ ਸਕਦਾ ਹੈ। ਯੂਹੰਨਾ ''ਆਤਮਾ'' ਤੋਂ ਪਹਿਲਾਂ ਦੂਸਰਾ ''ਨਾਲ'' (ex) ਨਹੀਂ ਲਾਉਂਦਾ, ਜਿਵੇਂ ਉਹ ਦੋ ਵੱਖ ਵੱਖ ਘਟਨਾਵਾਂ ਦੀ ਗੱਲ ਕਰ ਰਿਹਾ ਹੋਵੇ। ਇਕ ex ਨਾਲ ਸਿਰਫ਼ ਇੱਕੋ ਮੌਕੇ ਦਾ ਪਤਾ ਲਗਦਾ ਹੈ। ਫਿਰ ਇਹ ਇੱਕਤਾ ਸੰਭਾਵੀ ਕਿਰਿਆਰਥ ਕਰਮਵਾਚ *gennëthë* ਨਾਲ ਬਣਦੀ ਹੈ ਜਿਸ ਦਾ

ਮੂਲ ਅਰਥ ਜਲ ਅਤੇ ਆਤਮਾ ਨਾਲ ''*ਇੱਕੋ ਵਾਰ* ਜਨਮ'' ਹੈ। ...

ਰੂਹਾਨੀ ਤੌਰ ਤੇ ਮਨੁੱਖ ਇੱਕੋ ਵਾਰ ਪੈਦਾ ਹੁੰਦਾ ਹੈ ਅਤੇ ਉਹ ਜਨਮ ''ਜਲ ਅਤੇ ਆਤਮਾ ਤੋਂ'' ਹੈ।[1]

ਯਿਸੂ ਨੇ ਇਸੇ ਇੱਕੋ ਵਾਰ ਜਨਮ ਦੇ ਪ੍ਰਚਾਰ ਲਈ ਆਪਣੇ ਸ਼ਗਿਰਦਾਂ ਨੂੰ ਦੁਨੀਆਂ ਵਿਚ ਭੇਜਿਆ ਜੋ ਇਸ ਨੂੰ ਲੈਣ ਵਾਲੇ ਸਭ ਲੋਕਾਂ ਨੂੰ ਸਵਰਗ ਦੇ ਰਾਜ ਵਿਚ ਲਿਆਉਂਦਾ ਹੈ (ਮਰੁਕਸ 16:15, 16)।

**ਮਰਕੁਸ 16:15, 16**

ਯਿਸੂ ਨੇ ਆਪਣੇ ਚੇਲਿਆਂ ਨੂੰ ਹਦਾਇਤ ਦਿੱਤੀ ਕਿ ''ਤੁਸੀਂ ਸਾਰੇ ਜਗਤ ਵਿਚ ਜਾ ਕੇ ਸਰਬੱਤ ਸ੍ਰਿਸ਼ਟ ਦੇ ਸਾਹਮਣੇ ਖੁਸ਼ਖਬਰੀ ਦਾ ਪ੍ਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪ੍ਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ'' (ਮਰਕੁਸ 16:15, 16)। ਬਚਾਏ ਜਾਣ ਨਾਲ ਜੁੜੀ ਹਰ ਸ਼ਰਤ ਤੇ ਵਿਚਾਰ ਕਰਦਿਆਂ ਸਾਨੂੰ ਚਾਹੀਦਾ ਹੈ ਕਿ ਇਸ ਗੱਲ ਤੇ ਹੀ ਨਹੀਂ ਸਗੋਂ ਇਸ ਨਾਲ ਮੇਲ ਖਾਂਦੀਆਂ ਬਾਈਬਲ ਵਿਚਲੀਆਂ ਹੋਰ ਗੱਲਾਂ ਤੇ ਵੀ ਵਿਚਾਰ ਕਰੀਏ। ਬਚਾਏ ਜਾਣ ਵਿਚ ਯਿਸੂ ਦੀ ਪਛਾਣ (ਯੂਹੰਨਾ 8:24) ਅਤੇ ਉਸ ਦੀ ਭੂਮਿਕਾ ਦੀ ਸਮਝ ਦੇ ਨਾਲ ਨਾਲ ਹੋਰ ਪ੍ਰਤੀਕ੍ਰਿਆਵਾਂ, ਜਿਵੇਂ ਕਿ ਤੌਬਾ (ਲੂਕਾ 24:47) ਅਤੇ ਇਕਰਾਰ (ਰੋਮੀਆਂ 10:9, 10) ਵੀ ਜ਼ਰੂਰੀ ਹੈ।

ਮਰਕੁਸ 16:15, 16 ਦੇ ਬਗੈਰ ਵੀ ਬਚਾਏ ਜਾਣ ਬਾਰੇ ਪਤਾ ਲਗ ਸਕਦਾ ਹੈ। ਪਰ ਇਸ ਆਇਤ ਨੂੰ ਸਮਝਣ ਨਾਲ ਬਚਾਏ ਜਾਣ ਲਈ ਪ੍ਰਮੇਸ਼ਵਰ ਦੀਆਂ ਸ਼ਰਤਾਂ ਨੂੰ ਇਕ ਇਕ ਕਰਕੇ ਸਮਝਣ ਦੀ ਸਮਝ ਮਿਲਦੀ ਹੈ।

ਨਿਊ ਅਮੈਰਿਕਨ ਸਟੈਂਡਰਡ ਬਾਈਬਲ ਵਿਚ ਮਰਕੁਸ 16:16 ਦਾ ਅਨੁਵਾਦ ਇਸ ਤਰ੍ਹਾਂ ਕੀਤਾ ਗਿਆ ਹੈ, ''ਜਿਸ ਨੇ ਵਿਸ਼ਵਾਸ ਕੀਤਾ ਹੈ ਅਤੇ ਬਪਤਿਸਮਾ ਲਿਆ ਹੈ ਉਹ ਬਚਾਇਆ ਜਾਵੇਗਾ।'' ਇਸ ਅਨੁਵਾਦ ਨੂੰ ਯੂਨਾਨੀ ਭਾਸ਼ਾ ਦੀ ਹਮਾਇਤ ਹਾਸਲ ਹੈ। ਯੂਨਾਨੀ ਭਾਸ਼ਾ ਵਿਚ ਮੁੱਖ ਕਿਰਿਆ ਦੇ ਬਾਅਦ ''ਬਚਾਇਆ ਜਾਵੇਗਾ'' ''ਵਿਸ਼ਵਾਸ ਕੀਤਾ'' ਅਤੇ ''ਬਪਤਿਸਮਾ ਲਿਆ ਹੈ'' ਸੰਭਾਵੀ ਭੂਤਕਾਲ ਕ੍ਰਿਦੰਤ ਹਨ। ਸੰਭਾਵੀ ਭੂਤਕਾਲ ਕ੍ਰਿਦੰਤ ਦਾ ਮਹੱਤਵ ਇਹ ਹੈ ਕਿ ਇਹ ਮੁੱਖ ਕਿਰਿਆ ਦੇ ਕੰਮ ਕਰਨ ਤੋਂ ਪਹਿਲਾਂ ਹੋਣ ਵਾਲੇ ਕੰਮ ਨੂੰ ਵਿਖਾਉਂਦਾ ਹੈ, ਨਾ ਕਿ ਮੁੱਖ ਕਿਰਿਆ ਦੇ ਕੰਮ ਕਰਨ ਵਾਲੇ ਬਾਅਦ ਵਾਲੇ ਕੰਮ ਨੂੰ। ਇਸ ਆਇਤ ਵਿਚ ਸੰਭਾਵੀ ਭੂਤਕਾਲ ''ਵਿਸ਼ਵਾਸ ਕੀਤਾ'' ਅਤੇ ''ਬਪਤਿਸਮਾ ਲਿਆ'' ਤੋਂ ਸੰਕੇਤ ਮਿਲਦਾ ਹੈ ਕਿ ਇਹ ਮੁੱਖ ਕਿਰਿਆ ਦੇ ਕੰਮ ''ਬਚਾਇਆ ਜਾਵੇਗਾ'' ਤੋਂ ਪਹਿਲਾਂ ਆਉਂਦੇ ਹਨ, ਜਿਸ ਦਾ ਅਰਥ ਇਹ ਹੈ ਕਿ ਯਿਸੂ ਕਹਿ ਰਿਹਾ ਸੀ ਕਿ ਬਚਾਏ ਜਾਣ ਤੋਂ ਪਹਿਲਾਂ ਵਿਸ਼ਵਾਸ ਕਰਕੇ ਬਪਤਿਸਮਾ ਲੈਣਾ ਜ਼ਰੂਰੀ ਹੈ।

ਸੀ. ਡੀ. ਐਫ਼. ਮਾਊਲ[2] ਨੇ ਯੂਨਾਨੀ ਕਿਰਿਆਵਾਂ ਬਾਰੇ ਇਕ ਵਾਕ ਵਿਚ ਦੱਸਿਆ ਕਿ ਵਰਤਮਾਨ ਕ੍ਰਿਦੰਤ ਅਤੇ ਮੁੱਖ ਕਿਰਿਆ ਦੁਆਰਾ ਵਿਖਾਇਆ ਗਿਆ ਕੰਮ ਸਮੇਂ ਵਿਚ ਮੇਲ ਖਾਂਦਾ ਹੈ, ਜਦਕਿ ਅਨਿਸ਼ਚਿਤ ਭੂਤਕਾਲ ਕ੍ਰਿਦੰਤ ਉਸ ਕੰਮ ਬਾਰੇ ਦੱਸਦਾ ਹੈ ਜਿਹੜਾ ਮੁੱਖ

ਕਿਰਿਆ ਦੇ ਉਸ ਕਾਰਜ ਤੋਂ ਪਹਿਲਾਂ ਹੋਇਆ।

ਮਾਊਲ ਨੇ ਇਸ ਨਿਯਮ ਦੇ ਦੋ ਸੰਭਾਵਿਤ ਅਪਵਾਦਾਂ ਦਾ ਖੰਡਨ ਕੀਤਾ।

ਜੇਮਸ ਐਚ. ਮੌਲਟਨ,[3] ਮੈਕਸੀ ਮਿਲਿਅਨ ਜ਼ਰਵਿਕ[4] (ਜੋਜ਼ਫ਼ ਸਮਿਥ ਦੇ ਅਨੁਵਾਦ ਅਨੁਸਾਰ), ਏ. ਟੀ. ਰਾਬਰਟਸਨ[5] ਅਤੇ ਹੋਰ ਭਾਸ਼ਾ ਵਿਗਿਆਨੀ ਮੰਨਦੇ ਹਨ ਕਿ ਅਨਿਸ਼ਚਿਤ ਭੂਤਕਾਲ ਕ੍ਰਿਦੰਤ ਕਿਸੇ ਵਾਕ ਦੀ ਕਿਰਿਆ ਤੋਂ ਪਹਿਲਾਂ ਹੋਣ ਵਾਲੇ ਕਾਰਜ ਨੂੰ ਹੀ ਵਿਅਕਤ ਕਰਦਾ ਹੈ ਅਤੇ ਅਨਿਸ਼ਚਿਤ ਭੂਤਕਾਲ ਦੀ ਕੋਈ ਹੋਰ ਵਰਤੋਂ ਨਾਮੁਮਕਨ ਹੈ।

ਇਹ ਗੱਲ ਕਿ ਦੁਨੀਆਂ ਦੇ ਚੰਗੇ ਤੋਂ ਚੰਗੇ ਵਿਆਕਰਣ ਸ਼ਾਸਤਰੀਆਂ ਨੇ ਇਹੀ ਨਿਚੋੜ ਕੱਢਿਆ ਹੈ ਕਿ ਅਨਿਸ਼ਚਿਤ ਭੂਤਕਾਲ ਕ੍ਰਿਦੰਤ ਕਦੇ ਵੀ ਮੁੱਖ ਕਿਰਿਆ ਦੇ ਬਾਅਦ ਨਹੀਂ ਆਉਂਦਾ, ਇਸ ਗੱਲ ਦਾ ਸੰਕੇਤ ਹੈ ਕਿ ਵਿਆਕਰਣ ''ਵਿਸ਼ਵਾਸ ਕੀਤਾ'' ਜਾਂ ''ਬਪਤਿਸਮਾ ਲਿਆ ਹੈ'' ਦੇ ਬਾਅਦ ''ਬਚਾਇਆ ਜਾਵੇਗਾ'' ਦੀ ਇਜਾਜ਼ਤ ਨਹੀਂ ਦਿੰਦੀ। ਬਪਤਿਸਮੇ ਨੂੰ ''ਬਚਾਇਆ ਜਾਵੇਗਾ'' ਦੇ ਬਾਅਦ ਰੱਖਣ ਨਾਲ ''ਵਿਆਕਰਣ ਦੇ ਸਾਰੇ ਨਿਯਮ ਅਤੇ ਭਾਸ਼ਾ ਦੀ ਸਮਝ'' ਦਾ ਉਲੰਘਣ ਹੁੰਦਾ ਹੈ। ਇਸ ਲਈ ਯਿਸੂ ਦੇ ਕਹਿਣ ਦਾ ਇਹੀ ਮਤਲਬ ਹੋਣਾ ਚਾਹੀਦਾ ਹੈ ਕਿ ਬਚਾਇਆ ਜਾਣਾ ਖ਼ੁਸ਼ਖਬਰੀ ਤੇ ਵਿਸ਼ਵਾਸ ਕਰਕੇ ਅਤੇ ਬਪਤਿਸਮਾ ਲੈਣ ਨਾਲ ਹੀ ਹੋਵੇਗਾ।

ਯੂਨਾਨੀ ਭਾਸ਼ਾ ਦੀ ਇਹ ਵਾਕ ਰਚਨਾ ਇੰਜੀਲ ਤੇ ਵਿਸ਼ਵਾਸ ਕਰਨ ਅਤੇ ਬਪਤਿਸਮਾ ਲੈਣ ਨੂੰ ''ਬਚਾਇਆ ਜਾਵੇਗਾ'' ਤੋਂ ਪਹਿਲਾਂ ਦੇ ਕੰਮ ਬਣਾ ਦਿੰਦੀ ਹੈ। ''ਬਪਤਿਸਮਾ ਲਿਆ ਹੈ'' ਨੂੰ ''ਬਚਾਇਆ ਜਾਵੇਗਾ'' ਦੇ ਬਾਅਦ ਰੱਖਣ ਲਈ ''ਵਿਸ਼ਵਾਸ ਕੀਤਾ'' ਵੀ ਰੱਖਣਾ ਪਵੇਗਾ, ਕਿਉਂਕਿ ਦੋਵੇਂ ਹੀ ਸਬੰਧਕ ਸ਼ਬਦ ''ਅਤੇ'' (ਯੂਨਾਨੀ: kai) ਨਾਲ ਜੁੜੇ ਇੱਕੋ ਕਿਰਿਆਵਾਕ ਹਨ। ਬਚਾਏ ਜਾਣ ਨੂੰ ਬਪਤਿਸਮੇ ਦੇ ਬਾਅਦ ਰੱਖਣ ਦੀ ਬਜਾਏ ਪਹਿਲਾਂ ਰੱਖਣ ਦੇ ਇੱਛੁਕ ਇਸ ਆਇਤ ਅਤੇ ਸਾਡੇ ਪ੍ਰਭੂ ਦੀ ਸਿੱਖਿਆ ਨਾਲ ਜ਼ਬਰਦਸਤੀ ਕਰਦੇ ਹਨ। ਇਸ ਲਈ, ਸਾਨੂੰ ਇਹ ਨਿਚੋੜ ਕੱਢਣਾ ਪਵੇਗਾ ਕਿ ਯੂਨਾਨੀ ਵਿਆਕਰਣ ਮਰਕੁਸ 16:16 ਨੂੰ ਅਨਿਸ਼ਚਿਤ ਭੂਤਕਾਲ ਕ੍ਰਿਦੰਤ ਦੇ ਨਿਯਮ ਤੋਂ ਛੋਟ ਨਹੀਂ ਦਿੰਦੀ, ਜਿਸ ਦਾ ਮਤਲਬ ਇਹ ਹੈ ਕਿ ਯਿਸੂ ਨੇ ਕਿਹਾ ਕਿ ਬਚਾਏ ਜਾਣ ਤੋਂ *ਪਹਿਲਾਂ* ਵਿਸ਼ਵਾਸ ਕਰਕੇ ਬਪਤਿਸਮਾ ਲੈਣਾ ਜ਼ਰੂਰੀ ਹੈ।

ਯੂਨਾਨੀ ਭਾਸ਼ਾ ਦਾ ਇਕ ਹੋਰ ਸਿਧਾਂਤ ਇਸ ਆਇਤ ਵਿਚ ਲਾਗੂ ਹੁੰਦਾ ਹੈ। ਯਿਸੂ ਇਹ ਨਹੀਂ ਕਹਿ ਰਿਹਾ ਸੀ ਵਿਸ਼ਵਾਸ ਅਤੇ ਬਪਤਿਸਮਾ ਦੋ ਵੱਖੋ ਵੱਖ ਇਕ ਦੂਜੇ ਨਾਲੋਂ ਅਲਹਿਦਾ ਕੰਮ ਹਨ। ''ਵਿਸ਼ਵਾਸ ਕੀਤਾ'' ਪੂਰਾ ਕਰਕੇ ਅਤੇ ਫਿਰ ਅਗਲਾ ਕਦਮ ''ਬਪਤਿਸਮਾ ਲਿਆ'' ਨਹੀਂ ਚੁਣਿਆ ਜਾਂਦਾ। ਯੂਨਾਨੀ ਵਾਕ ਰਚਨਾ ਇਸ ਦੀ ਇਜਾਜ਼ਤ ਨਹੀਂ ਦਿੰਦੀ।

ਸਗੋਂ ਇਸ ਤੋਂ ਸੰਕੇਤ ਮਿਲਦਾ ਹੈ ਕਿ ਦੋਵੇਂ ਕੰਮ ਫ਼ਰਕ-ਫ਼ਰਕ ਨਾ ਹੋ ਕੇ ਇੱਕੋ ਹੀ ਸਮੇਂ ਤੇ ਹੁੰਦੇ ਹਨ ਅਤੇ ਆਪਸ ਵਿਚ ਮਿਲ ਜਾਂਦੇ ਹਨ। ਇਸ ਲਈ ਇਸ ਆਇਤ ਦਾ ਅਨੁਵਾਦ ਇਸ ਤਰ੍ਹਾਂ ਹੋ ਸਕਦਾ ਹੈ, ''ਬਪਤਿਸਮਾ ਪਾਇਆ ਹੋਇਆ ਵਿਸ਼ਵਾਸੀ ਬਚਾਇਆ ਜਾਵੇਗਾ'' ਜਾਂ ''ਜਿਸ ਨੇ ਬਪਤਿਸਮਾ ਲੈਂਦਿਆਂ ਵਿਸ਼ਵਾਸ ਕੀਤਾ'' ਉਹ ਬਚਾਇਆ ਜਾਵੇਗਾ।

ਇਸ ਆਇਤ ਵਿਚ ਲੂਕਾ ਨੇ ਵਿਸ਼ਵਾਸ ਦੀ ਪ੍ਰੇਰਣਾ ਨਾਲ ਬਪਤਿਸਮੇ ਨੂੰ ਬਚਾਏ ਜਾਣ ਤੋਂ ਪਹਿਲਾਂ ਰੱਖ ਕੇ ਬਪਤਿਸਮੇ ਅਤੇ ਵਿਸ਼ਵਾਸ ਨੂੰ ਇਸ ਤਰ੍ਹਾਂ ਜੋੜ ਦਿੱਤਾ ਕਿ ਉਨ੍ਹਾਂ ਨੂੰ ਵੱਖ ਕਰਨਾ ਨਾਮੁਮਕਨ ਹੈ। ਬਚਾਇਆ ਜਾਣਾ ਨਾ ਤਾਂ ਨਿਰੇ ਵਿਸ਼ਵਾਸ ਅਤੇ ਨਾ ਨਿਰੇ ਬਪਤਿਸਮੇ ਤੇ ਅਧਾਰਤ ਹੈ; ਬਚਾਇਆ ਉਹੀ ਜਾਵੇਗਾ ਜੋ ਖੁਸ਼ਖਬਰੀ ਤੇ ਵਿਸ਼ਵਾਸ ਕਰਕੇ ਬਪਤਿਸਮਾ ਲੈਂਦਾ ਹੈ।

ਧਿਆਨ ਦਿਓ ਕਿ ਸੁਣਾਈ ਇੰਜੀਲ ਹੀ ਜਾਣੀ ਹੈ (ਮਰਕੁਸ 16:15); ਇਸ ਲਈ ਵਿਸ਼ਵਾਸ ਇੰਜੀਲ ਤੇ ਜਾਂ ਖ਼ੁਸ਼ਖ਼ਬਰੀ ਤੇ ਹੀ ਹੋਣਾ ਜ਼ਰੂਰੀ ਹੈ (ਮਰਕੁਸ 1:15)। ਇੰਜੀਲ ਵਿਚ ਇਹ ਸ਼ਾਮਲ ਹੈ ਕਿ ਯਿਸੂ ਹੀ ਮਸੀਹ ਹੈ, ਉਹ ਸਲੀਬ ਤੇ ਮਾਰਿਆ ਗਿਆ, ਜੀ ਉੱਠਿਆ, ਮਹਿਮਾ ਪਾਇਆ ਹੋਇਆ ਪ੍ਰਭੂ ਹੈ ਜੋ ਸਾਨੂੰ ਸਾਡੇ ਪਾਪਾਂ ਤੋਂ ਛੁਡਾ ਕੇ ਸਵਰਗ ਵਿਚ ਹਮੇਸ਼ਾ ਦੀ ਜ਼ਿੰਦਗੀ ਦੇ ਸਕਦਾ ਹੈ (1 ਕੁਰਿੰਥੀਆਂ 15:1-4)। ਜੇ ਇੰਜੀਲ ਵਿਚ ਸਾਡੇ ਪਾਪਾਂ ਲਈ ਯਿਸੂ ਦੀ ਮੌਤ ਸ਼ਾਮਲ ਹੈ ਤਾਂ ਬਪਤਿਸਮਾ ਲੈਣ ਵਾਲੇ ਲਈ ਬਪਤਿਸਮਾ ਲੈਣ ਤੋਂ ਪਹਿਲਾਂ ਇਹ ਵਿਸ਼ਵਾਸ ਕਰਨਾ ਜ਼ਰੂਰੀ ਹੈ ਕਿ ਯਿਸੂ ਦੇ ਮਾਰੇ ਜਾਣ ਨਾਲ ਉਸ ਨੂੰ ਉਸ ਦੇ ਪਾਪਾਂ ਤੋਂ ਮੁਕਤੀ ਮਿਲ ਰਹੀ ਹੈ। ਜੇ ਯਿਸੂ ਦੀ ਮੌਤ ਨਾਲ ਉਹਨੂੰ ਮੁਕਤੀ ਨਹੀਂ ਮਿਲ ਰਹੀ ਹੈ ਤਾਂ ਬਪਤਿਸਮਾ ਲੈਣ ਸਮੇਂ ਉਹ ਇੰਜੀਲ ਤੇ ਵਿਸ਼ਵਾਸ ਨਹੀਂ ਕਰ ਰਿਹਾ, ਜੋ ਕਿ ਇਸ ਆਇਤ ਵਿਚ ਯੂਨਾਨੀ ਵਾਕ ਰਚਨਾ ਵੱਲੋਂ ਸਪਸ਼ਟ ਸ਼ਰਤ ਹੈ।

ਬਚਾਏ ਜਾਣ ਲਈ ਸਭ ਜ਼ਰੂਰੀ ਸ਼ਰਤਾਂ ਮਰਕੁਸ 16:15, 16 ਵਿਚ ਦਿੱਤੀਆਂ ਗਈਆਂ ਹਨ, ਕਿਉਂਕਿ ਸਭ ਸ਼ਰਤਾਂ ਇੰਜੀਲ ਵਿਚ ਮਿਲਦੀਆਂ ਹਨ। ਪਰ ਸਭ ਸ਼ਰਤਾਂ ਦਾ ਸਪਸ਼ਟ ਤੌਰ ਤੇ ਜ਼ਿਕਰ ਨਹੀਂ ਕੀਤਾ ਗਿਆ ਯਾਨੀ ਇੰਜੀਲ ਦੇ ਸੰਪੂਰਣ ਸੰਦੇਸ਼ ਦਾ ਵੇਰਵਾ ਇਸ ਵਿਚ ਨਹੀਂ ਦਿੱਤਾ ਗਿਆ। ਇੰਜੀਲ ਵਿਚ ਸ਼ਾਮਲ *ਸਾਰੀਆਂ* ਗੱਲਾਂ ਨੂੰ ਸਮਝਣ ਲਈ ਬਾਈਬਲ ਦੀਆਂ ਦੂਜੀਆਂ ਗੱਲਾਂ ਦੀ ਸਮਝ ਹੋਣੀ ਜ਼ਰੂਰੀ ਹੈ। ਇਸ ਲਈ ਬਪਤਿਸਮਾ ਪਾਏ ਹੋਏ ਵਿਸ਼ਵਾਸੀ ਲਈ ਬਚਾਏ ਜਾਣ ਤੋਂ ਪਹਿਲਾਂ ਬਾਈਬਲ ਦੀਆਂ ਦੂਜੀਆਂ ਗੱਲਾਂ ਸਿੱਖਣੀਆਂ ਜ਼ਰੂਰੀ ਹਨ।

**ਯੂਹੰਨਾ 3:16, 36**

ਇਹ ਕਹਿ ਕੇ ਕਿ ''ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ'' (ਯੂਹੰਨਾ 3:16) ਅਤੇ ''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ'' (ਮਰਕੁਸ 16:16) ਯਿਸੂ ਨੇ ਆਪਣੀ ਹੀ ਗੱਲ ਦਾ ਵਿਰੋਧ ਨਹੀਂ ਕੀਤਾ। ਸਦੀਪਕ ਜੀਉਣ ਜਾਂ ਹਮੇਸ਼ਾ ਦੀ ਜ਼ਿੰਦਗੀ ਵਿਸ਼ਵਾਸ ਕਰਨ ਅਤੇ ਬਪਤਿਸਮੇ ਨਾਲ ਪਿਛਲੇ ਪਾਪ ਤੋਂ ਬਚਾਏ ਜਾਣ ਨਾਲ ਹੀ ਜੁੜੀ ਹੋਈ ਹੈ। ਵਿਸ਼ਵਾਸ ਕਰਨਾ ਜ਼ਿੰਦਗੀ ਦਾ *ਚਲਦੇ ਰਹਿਣ ਵਾਲਾ ਪਹਿਲੂ* ਹੈ, ਜਦ ਕਿ ਬਪਤਿਸਮਾ ਵਿਸ਼ਵਾਸ ਦੇ ਨਤੀਜੇ ਵਜੋਂ *ਇੱਕੋ ਵਾਰ ਹੋਣ ਵਾਲੀ ਘਟਨਾ* (ਅਫ਼ਸੀਆਂ 4:5)।

ਯੂਨਾਨੀ ਭਾਸ਼ਾ ਵਿਚ ''ਨਿਹਚਾ ਕਰੇ'' (ਯੂੰਹਨਾ 3:16, 36) *ਵਰਤਮਾਨ ਕ੍ਰਿਦੰਤ* ਹੈ। ਯੂਨਾਨੀ ਵਿਆਕਰਣਾਂ ਵਿਚ ਲਿਖਿਆ ਹੈ, ''ਵਰਤਮਾਨ ਕ੍ਰਿਦੰਤ 'ਇਕ ਪਸਾਰੀ' ਕਾਰਜ ਨੂੰ ਦਰਸਾਉਂਦਾ ਹੈ,''[6] ਅਤੇ ''ਵਰਤਮਾਨ ਭਾਵਵਾਚਕ ਵਾਂਗ, ਵਰਤਮਾਨ ਕ੍ਰਿਦੰਤ ਸਮੇਂ ਰਹਿਤ ਅਤੇ ਮਿਆਦੀ ਹੈ।''[7]

ਇਹਦਾ ਅਰਥ ਇਹ ਹੈ ਕਿ ਸਦੀਪਕ ਜੀਉਣ ਉਨ੍ਹਾਂ ਨੂੰ ਦਿੱਤਾ ਜਾਣਾ ਹੈ ਜੋ ਯਿਸੂ ਵਿਚ ਵਿਸ਼ਵਾਸੀ *ਬਣੇ ਰਹਿਣ* ਕਰਕੇ ਉਹਦੇ ਹੁਕਮਾਂ ਨੂੰ ਮੰਨਣ ਲਈ ਪ੍ਰੇਰਿਤ ਹੁੰਦੇ ਹਨ (ਲੂਕਾ 6:46; ਮੱਤੀ 7:21; 28:20)। ਅਜਿਹੀ ਆਗਿਆਕਾਰਿਤਾ ਬਗੈਰ ਜੀਉਣ ਨੂੰ ਨਹੀਂ ਵੇਖਿਆ ਜਾ ਸਕਦਾ ਸਗੋਂ ਉਸ ਤੇ ਪ੍ਰਮੇਸ਼ਵਰ ਦਾ ਕ੍ਰੋਧ ਬਣਿਆ ਰਹਿੰਦਾ ਹੈ। ''ਨਹੀਂ ਮੰਨਦਾ'' (ਯੂਹੰਨਾ 3:36 ਵਿਚ) ਦਾ ਯੂਨਾਨੀ ਸ਼ਬਦ *apeitho* ਹੈ ਜਿਹਦਾ ਅਰਥ ਰੋਮੀਆਂ 2:8; 10:21; 1 ਪਤਰਸ 2:7, 8; 3:1, 20; 4:17 ਦੇ ਅਨੁਵਾਦ ਵਾਂਗ ''ਹੁਕਮ ਤੋੜਦਾ, ਹੁਕਮ

ਨਹੀਂ ਮੰਨਦਾ,'' ਜਾਂ ''ਅਣਆਗਿਆਕਾਰ'' ਹੈ। ਅਜਿਹੇ ਵਾਕ ਤੋਂ ਪਤਾ ਲਗਦਾ ਹੈ ਕਿ ਯਿਸੂ ਦੁਆਰਾ ਪੇਸ਼ ਕੀਤੇ ਗਏ ਸਦੀਪਕ ਜੀਉਣ ਨੂੰ ਪਾਉਣ ਤੋਂ ਪਹਿਲਾਂ ਵਿਸ਼ਵਾਸ ਨਾਲ ਹੁਕਮ ਮੰਨਣਾ ਵੀ ਜ਼ਰੂਰੀ ਹੈ। ਯਿਸੂ ਦੇ ਮੁਤਾਬਕ ਬਪਤਿਸਮਾ ਹਮੇਸ਼ਾ ਦੀ ਮੁਕਤੀ ਦੁਆਉਣ ਲਈ ਹੁਕਮ ਮੰਨਣ ਦਾ ਹੀ ਹਿੱਸਾ ਹੈ (ਇਬਰਾਨੀਆਂ 5:9; ਤੁਲਨਾ ਕਰੋ ਮਰਕੁਸ 16:16)।

ਕੁਝ ਲੋਕ ਬਹਿਸ ਕਰਦੇ ਹਨ ਕਿ ਕਿਸੇ ਨੂੰ ਮਸੀਹ ਦੀਆਂ *ਬਰਕਤਾਂ ਵਿਚ* ਲਿਆਉਣ ਲਈ ਬਪਤਿਸਮਾ ਜ਼ਰੂਰੀ ਨਹੀਂ ਹੈ,[8] ਕਿਉਂਕਿ ਉਨ੍ਹਾਂ ਦਾ ਕਹਿਣਾ ਹੈ ਕਿ ਮਸੀਹ ਵਿਚ ਲਿਆਉਣ ਲਈ *ਸਿਰਫ਼* ਵਿਸ਼ਵਾਸ ਦੀ ਲੋੜ ਹੈ। ਉਹ ਬਹਿਸ ਕਰਦੇ ਹਨ ਕਿ ਯੂਹੰਨਾ 3:16, 36 ਵਰਗੇ ਵਾਕਾਂਸ਼ ਵਾਂਗ ਅੰਗ੍ਰੇਜ਼ੀ ਦੇ ''on'' [ਯਾਨੀ ਉੱਤੇ] (ਯੂਨਾਨੀ ਸ਼ਬਦ *eis* ਜਿਸ ਦਾ ਆਮ ਤੌਰ ਤੇ ਅਰਥ ''into'' [ਯਾਨੀ ਵਿਚ] ਹੁੰਦਾ ਹੈ ਅਤੇ ਕੁਝ ਅਰਥਾਂ ਵਿਚ ਤਕਰੀਬਨ-ਤਕਰੀਬਨ ਉਹੀ ਅਰਥ ਰਹਿੰਦਾ ਹੈ) ਦਾ ਮਤਲਬ ਹੈ ਕਿ ਕੋਈ ਮਸੀਹ *ਵਿਚ* ਵਿਸ਼ਵਾਸ ਕਰਦਾ ਹੈ। ਇਸ ਵਿਚ ਮੁਸ਼ਕਲ ਇਹ ਹੈ ਕਿ ਅਜਿਹੀਆਂ ਕਈ ਆਇਤਾਂ ਵਿਚ *ਨਿਰੰਤਰ ਕ੍ਰਿਆ* ਨੂੰ ਦਰਸਾਉਂਦਾ (ਜਿਵੇਂ ਪਹਿਲਾਂ ਕਿਹਾ ਗਿਆ ਹੈ) ਵਰਤਮਾਨ ਕ੍ਰਿਦੰਤ ਹੁੰਦਾ ਹੈ। ਭਲਾ ਕੋਈ ਯਿਸੂ ''ਉੱਤੇ'' (eis) ਵਿਸ਼ਵਾਸ ਕਰਕੇ ਯਿਸੂ ਦੇ *ਬਾਹਰ* ਤੋਂ ਯਿਸੂ *ਵਿਚ* ਰਹਿ ਸਕਦਾ ਹੈ? ਅਜਿਹਾ ਹੋਣਾ ਨਾਮੁਮਕਨ ਹੋਵੇਗਾ। ''ਉੱਤੇ ਵਿਸ਼ਵਾਸ'' (believe on) ਦਾ ਮਤਲਬ ਇਹ ਹੋਵੇਗਾ ਕਿ ਕੋਈ ਯਿਸੂ ਦੀ ਇੱਛਾ ਨੂੰ ਮੰਨ ਕੇ ਉਸ ਵਿਚ ਭਰੋਸਾ ਬਣਾਈ ਰੱਖ ਸਕਦਾ ਹੈ।

ਪੌਲੁਸ ਨੇ ਇਹ ਦੱਸਦਿਆਂ ਕਿ ਮਸੀਹ ਵਿਚ ਕਿਵੇਂ ਪ੍ਰਵੇਸ਼ ਕਰੀਦਾ ਹੈ ''ਬਪਤਿਸਮਾ ਲਿਆ'' ਸ਼ਬਦ ਦੀ ਵਰਤੋਂ ਅਨਿਸ਼ਚਿਤ ਭੂਤਕਾਲ ਦਾ ਸੰਕੇਤ ਦੇਣ ਲਈ ਕੀਤੀ ਗਈ (ਰੋਮੀਆਂ 6:3; ਗਲਾਤੀਆਂ 3:27)। *ਅਨਿਸ਼ਚਿਤ ਭੂਤਕਾਲ* ਇਕ ਕਿਰਿਆ ਹੈ ਜੋ ਇਹ ਸੰਕੇਤ ਦਿੰਦਾ ਹੈ ਕਿ ਪੂਰਾ ਹੋਣ ਤੇ ਬਪਤਿਸਮਾ ਉਹ ਘਟਨਾ ਹੈ ਜਿਸ ਨਾਲ ਵਿਸ਼ਵਾਸੀ ਆਦਮੀ ਮਸੀਹ ''ਵਿਚ'' (eis) ਆ ਜਾਂਦਾ ਹੈ। ਨਾ ਤਾਂ ਨਿਰ੍ਹਾ ਵਿਸ਼ਵਾਸ ਕਿਸੇ ਨੂੰ ਮਸੀਹ ਵਿਚ ਲਿਆਉਂਦਾ ਹੈ ਅਤੇ ਨਾ ਨਿਰ੍ਹਾ ਬਪਤਿਸਮਾ। ਬਪਤਿਸਮਾ ਉਹ ਥਾਂ ਹੈ ਜਿੱਥੇ ਵਿਸ਼ਵਾਸੀ ਨੂੰ ਮਸੀਹ *ਵਿਚ* ਲਿਆਇਆ ਜਾਂਦਾ ਹੈ, ਜਿੱਥੇ ਉਸ ਨੂੰ ਮੁਕਤੀ ਅਤੇ ਹਰ ਤਰ੍ਹਾਂ ਦੀ ਰੂਹਾਨੀ ਬਰਕਤ ਮਿਲਦੀ ਹੈ।

ਕੁਝ ਲੋਕ ਬਹਿਸ ਕਰਦੇ ਹਨ ਕਿ ਉਪਸਰਗ *eis* ਦੇ ਨਾਲ ਵਰਤਣ ਤੇ ''ਵਿਸ਼ਵਾਸ ਕਰਨਾ'' ਕਿਸੇ ਨੂੰ ਮਸੀਹ *ਵਿਚ* ਲਿਆਉਂਦਾ ਹੈ, ਪਰ ਰਸੂਲਾਂ ਦੇ ਕੰਮ 2:38 ਵਿਚ *eis* ਦਾ ਅਰਥ ਕਿਸੇ ਨੂੰ ਬਪਤਿਸਮਾ ਲੈਣ ਸਮੇਂ ਪਾਪਾਂ ਦੀ ਮਾਫ਼ੀ *ਵਿਚ* ਲਿਆਉਣਾ ਨਹੀਂ ਹੋ ਸਕਦਾ। ਪਤਰਸ ਨੇ ਵਿਸ਼ਵਾਸੀ ਯਹੂਦੀਆਂ ਨੂੰ ਦੱਸਿਆ ਸੀ ਕਿ ਉਨ੍ਹਾਂ ਵਿੱਚੋਂ ਹਰ ਕੋਈ ਪਾਪਾਂ ਦੀ ਮਾਫ਼ੀ *eis* (''into'' ਜਿਸ ਦਾ ਅਨੁਵਾਦ ''ਵਿਚ'' ਹੈ ਪਰ ਪੰਜਾਬੀ ਬਾਈਬਲ ਵਿਚ ''ਦੇ ਲਈ'' ਹੋਇਆ ਹੈ-ਅਨੁਵਾਦਕ) ਬਪਤਿਸਮਾ ਲਵੇ (ਰਸੂਲਾਂ ਦੇ ਕੰਮ 2:38)। ਪਰ ਜੇ ਕੋਈ ਇਹ ਦਾਅਵਾ ਕਰਨਾ ਚਾਹੁੰਦਾ ਹੈ ਕਿ *eis* ਦਾ ਅਰਥ ਇਹ ਹੈ ਕਿ ਕੋਈ ਮਸੀਹ ''ਵਿਚ'' ਵਿਸ਼ਵਾਸ ਕਰਦਾ ਹੈ (ਯੂਹੰਨਾ 3:16, 36), ਤਾਂ ਰਸੂਲਾਂ ਦੇ ਕੰਮ 2:38 ਵਿਚ *eis* ਨੂੰ ''ਵਿਚ'' ਅਰਥ ਕਿਉਂ ਨਹੀਂ ਦਿੰਦੇ? ਇਸ ਦਾ ਮਤਲਬ ਇਹ ਹੋਵੇਗਾ ਕਿ ਪਤਰਸ ਨੇ ਹਰ ਕਿਸੇ ਨੂੰ ਪਾਪਾਂ ਦੀ ਮਾਫ਼ੀ ''ਵਿਚ'' ਬਪਤਿਸਮਾ ਲੈਣ ਲਈ ਸਿਖਾਇਆ।

''ਵਿਸ਼ਵਾਸ'' ਇਕ ਕਿਰਿਆ ਨਹੀਂ ਹੈ। ਇਸੇ ਲਈ ''ਵਿਸ਼ਵਾਸ'' ਨਾਲ ਜੁੜ ਕੇ eis ਦਾ ਅਨੁਵਾਦ ''ਵਿਚ'' ਦੀ ਬਜਾਏ ''ਉੱਤੇ'' ਕੀਤਾ ਜਾਂਦਾ ਹੈ।

## ਸਾਰ

ਆਪਣੀ ਮੌਤ, ਦਫ਼ਨਾਏ ਜਾਣ ਅਤੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਯਿਸੂ ਨੇ ਆਪਣੇ ਚੇਲਿਆਂ ਨੂੰ ਸਭ ਕੌਮਾਂ ਦੇ ਲੋਕਾਂ ਨੂੰ ਚੇਲੇ ਬਣਾਉਣ ਲਈ ਸਾਰੇ ਸੰਸਾਰ ਵਿਚ ਭੇਜਿਆ। ਇਹ ਮੁਢਲੇ ਦੂਤ ਪਾਪਾਂ ਦੀ ਮਾਫ਼ੀ ਲਈ ਤਿਆਰੀ ਵਾਸਤੇ ਤੌਬਾ ਦੇ ਉਸ ਬਪਤਿਸਮੇ ਨੂੰ ਜਾਣਦੇ ਸਨ ਜਿਹਦਾ ਪ੍ਰਚਾਰ ਯਿਸੂ ਅਤੇ ਯੂਹੰਨਾ ਨੇ ਕੀਤਾ ਸੀ। ਇਹ ਬਪਤਿਸਮਾ ਲੋਕਾਂ ਨੂੰ ਮਸੀਹ ਦੇ ਰਾਜ ਯਾਨੀ ਸੰਸਾਰਕ ਤੱਤ ਜਿਸ ਤੋਂ ਮਸੀਹ ਦੀ ਕਲੀਸੀਆ ਬਣੀ ਹੈ, ਵਿਚ ਬਪਤਿਸਮਾ ਪਾਉਣ ਲਈ ਲੋਕਾਂ ਨੂੰ ਤਿਆਰ ਕਰਨ ਲਈ ਸੀ।

ਇਨ੍ਹਾਂ ਆਰੰਭਕ ਚੇਲਿਆਂ ਵਾਸਤੇ ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਕੋਈ ਨਵੀਂ ਗੱਲ ਨਹੀਂ ਸੀ, ਕਿਉਂਕਿ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕਾਂ ਨੂੰ ਤਿਆਰੀ ਦੇ ਬਪਤਿਸਮੇ ਦਾ ਪਤਾ ਸੀ। ਉਨ੍ਹਾਂ ਲਈ ਨਵੀਂ ਗੱਲ ਮਸੀਹ ਦੇ ਰਾਜ ਅਤੇ ਇਖ਼ਤਿਆਰ ਵਿਚ ਬਪਤਿਸਮਾ ਦੇਣਾ ਸੀ। ਯਿਸੂ ਤੋਂ ਹਦਾਇਤ ਪਾ ਕੇ ਅਤੇ ਪਵਿੱਤਰ ਆਤਮਾ ਤੋਂ ਬਪਤਿਸਮਾ ਲੈਣ ਦੇ ਥੋੜ੍ਹੀ ਦੇਰ ਬਾਅਦ (ਰਸੂਲਾਂ ਦੇ ਕੰਮ 2:4) ਉਨ੍ਹਾਂ ਨੂੰ ਯਿਸੂ ਵੱਲੋਂ ਸਿਖਾਈਆਂ ਗੱਲਾਂ ਯਾਦ ਆਉਣ ਵਿਚ ਮਦਦ ਮਿਲਣੀ ਸੀ (ਯੂਹੰਨਾ 14:26)। ਰਸੂਲ ਯਰੂਸ਼ਲਮ ਵਿਚ ਇੰਜੀਲ ਦਾ ਪ੍ਰਚਾਰ ਕਰਨਾ ਸ਼ੁਰੂ ਕਰਕੇ ਪੂਰੀ ਦੁਨੀਆਂ ਵਿਚ ਪ੍ਰਚਾਰ ਲਈ ਨਿੱਕਲ ਗਏ।

---

ਟਿੱਪਣੀਆਂ

[1]ਫ਼੍ਰੈਡਰਿਕ ਡੇਲ ਬਰੂਨਰ, *ਏ ਥਿਓਲੋਜੀ ਆਫ਼ ਦ ਹੋਲੀ ਸਪਿਰਿਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1970), 257-58. [2]ਸੀ. ਐਫ਼. ਮਾਊਲ, *ਐਨ ਈਡਿਅਮ-ਬੁਕ ਆਫ਼ ਦਾ ਨਿਊ ਟੈਸਟਾਮੈਂਟ ਗ੍ਰੀਕ,* ਦੂਜਾ ਸੰਸਕਰਣ (ਕੈਂਬ੍ਰਿਜ: ਕੈਂਬ੍ਰਿਜ ਯੂਨੀਵਰਸਿਟੀ ਪ੍ਰੈਸ, 1953), 99. [3]ਜੇਮਸ ਐਚ. ਮੋਲਟਨ, *ਏ ਗ੍ਰਾਮਰ ਆਫ਼ ਦਾ ਨਿਊ ਟੈਸਟਾਮੈਂਟ ਗ੍ਰੀਕ,* ਅੰਕ 1, ਤੀਜਾ ਸੰਸਕਰਣ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1906), 133. [4]ਵਿਲੀਅਮ ਜ਼ਰਵਿਕ, *ਬਿਬਲੀਕਲ ਗ੍ਰੀਕ,* ਅਨੁਵਾਦ ਜੋਜ਼ਫ਼ ਸਮਿਥ (ਰੋਮ: ਸਫ਼ਾ ਨਹੀਂ, 1963), 88. [5]ਏ. ਟੀ. ਰਾਬਰਟਸਨ, *ਏ ਗ੍ਰਾਮਰ ਆਫ਼ ਦ ਗ੍ਰੀਕ ਨਿਊ ਟੈਸਟਾਮੈਂਟ,* ਚੌਥਾ ਸੰਸਕਰਣ (ਨੈਸ਼ਵਿੱਲੇ: ਬ੍ਰਾਡਮੈਨ ਪ੍ਰੈਸ, 1923), 861. [6]ਮਾਊਲ, 99. [7]ਰਾਬਰਟਸਨ, 891. [8]ਇਨ੍ਹਾਂ ਬਰਕਤਾਂ ਵਿਚ ''ਨਵੀਂ ਸਰਿਸ਼ਟ'' (2 ਕੁਰਿੰਥੀਆਂ 5:17) ਬਣਨਾ ਅਤੇ ''ਆਪਣੇ ਅਪਰਾਧਾਂ ਦੀ ਮਾਫ਼ੀ'' (ਅਫ਼ਸੀਆਂ 1:7), ''ਮੁਕਤੀ'' (2 ਤਿਮੋਥਿਉਸ 2:10), ''ਸਦੀਪਕ ਜੀਉਣ (1 ਯੂਹੰਨਾ 5:11) ਅਤੇ ''ਹਰ ਤਰ੍ਹਾਂ ਦੀ ਆਤਮਿਕ ਬਰਕਤ'' (ਅਫ਼ਸੀਆਂ 1:3) ਪਾਉਣਾ ਹੈ।